City of Mississauga
300 City Centre Drive
Mississauga, ON L5B 3C1

MISSISSAUGA

# News Release

mississauga.ca facebook.com/citymississauga x.com/citymississauga

## Mississauga 2026 ਦੀਆਂ ਮਿਊਨਿਸਿਪਲ ਚੋਣਾਂ ਲਈ ਤਿਆਰੀ ਕਰ ਰਿਹਾ ਹੈ

ਆਪਣੀ ਆਵਾਜ਼ ਨੂੰ ਮਹੱਤਵ ਦਿਓ! Mississauga ਦੀਆਂ ਅਗਲੀਆਂ ਮਿਊਨਿਸਿਪਲ ਚੋਣਾਂ ਸੋਮਵਾਰ,
26 ਅਕਤੂਬਰ, 2026 ਨੂੰ ਹੋਣਗੀਆਂ।

23 ਮਾਰਚ, 2026

Mississauga, ਅਗਲੀਆਂ ਮਿਊਨਿਸਿਪਲ ਚੋਣਾਂ ਦੀ ਤਿਆਰੀ ਕਰ ਰਿਹਾ ਹੈ। ਇਹ ਸੋਮਵਾਰ, 26 ਅਕਤੂਬਰ, 2026 ਨੂੰ ਹੋਣਗੀਆਂ। ਵੋਟਰ, Mississauga ਦੇ ਮੇਅਰ, ਸਿਟੀ/ਰੀਜਨਲ ਕੌਂਸਲਰਾਂ ਅਤੇ ਸਕੂਲ ਬੋਰਡ ਦੇ ਟਰੱਸਟੀਆਂ ਦੀ ਚੋਣ ਕਰਨਗੇ।

## ਵੋਟਿੰਗ ਕਿਉਂ ਮਾਇਨੇ ਰੱਖਦੀ ਹੈ

Mississauga ਦੀਆਂ ਮਿਊਨਿਸਿਪਲ ਚੋਣਾਂ, ਤੁਹਾਡੇ ਰੋਜ਼ਾਨਾ ਜੀਵਨ ਦੇ ਕਈ ਪਹਿਲੂਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਮਿਊਨਿਸਿਪਲ ਸਰਕਾਰ, ਟ੍ਰਾਂਜ਼ਿਟ, ਪਾਰਕਾਂ, ਭਾਈਚਾਰਕ ਪ੍ਰੋਗਰਾਮਾਂ, ਸੜਕਾਂ ਅਤੇ ਐਮਰਜੈਂਸੀ ਸੇਵਾਵਾਂ ਬਾਰੇ ਫੈਸਲੇ ਲੈਂਦੀ ਹੈ।

ਜਦੋਂ ਤੁਸੀਂ ਵੋਟ ਪਾਉਂਦੇ ਹੋ, ਤਾਂ ਤੁਸੀਂ ਉਹਨਾਂ ਲੋਕਾਂ ਨੂੰ ਚੁਣਨ ਵਿੱਚ ਮਦਦ ਕਰਦੇ ਹੋ, ਜੋ ਇਹ ਫੈਸਲੇ ਲੈਂਦੇ ਹਨ। ਤੁਹਾਡੀ ਵੋਟ, ਤੁਹਾਡੇ ਗੁਆਂਢ ਅਤੇ ਤੁਹਾਡੇ ਭਾਈਚਾਰੇ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ।

---

## ਉਮੀਦਵਾਰਾਂ ਬਾਰੇ ਮਹੱਤਵਪੂਰਨ ਜਾਣਕਾਰੀ

### ਕੀ ਤੁਸੀਂ ਆਉਣ ਵਾਲੀਆਂ ਚੋਣਾਂ ਵਿੱਚ ਉਮੀਦਵਾਰ ਬਣਨ ਵਿੱਚ ਦਿਲਚਸਪੀ ਰੱਖਦੇ ਹੋ?

ਉਮੀਦਵਾਰ ਵਜੋਂ ਯੋਗ ਹੋਣ ਲਈ, ਤੁਹਾਡਾ ਇਹ ਹੋਣਾ ਲਾਜ਼ਮੀ ਹੈ:

- ਕੈਨੇਡਾ ਦਾ ਨਾਗਰਿਕ
- ਘੱਟੋ-ਘੱਟ 18 ਸਾਲ ਦੀ ਉਮਰ
- Mississauga ਸ਼ਹਿਰ ਦਾ ਨਿਵਾਸੀ; ਜਾਂ
- Mississauga ਦਾ ਗੈਰ-ਨਿਵਾਸੀ ਅਤੇ ਤੁਹਾਡੇ ਕੋਲ ਜਾਂ ਤੁਹਾਡੇ ਜੀਵਨਸਾਥੀ ਕੋਲ ਸਿਟੀ ਵਿੱਚ ਪ੍ਰਾਪਰਟੀ ਦੀ ਮਲਕੀਅਤ ਹੈ ਜਾਂ ਇਸਨੂੰ ਕਿਰਾਏ 'ਤੇ ਲਿਆ ਹੋਇਆ ਹੈ

City of Mississauga
300 City Centre Drive
Mississauga, ON L5B 3C1



### ਉਮੀਦਵਾਰ ਜਾਣਕਾਰੀ ਸੈਸ਼ਨ ਵਿੱਚ ਸ਼ਾਮਲ ਹੋਵੋ

ਜੇ ਤੁਸੀਂ ਅਹੁਦੇ ਲਈ ਚੋਣ ਲੜਨਾ ਚਾਹੁੰਦੇ ਹੋ ਜਾਂ ਇਹ ਜਾਣਨਾ ਚਾਹੁੰਦੇ ਹੋ ਕਿ ਚੋਣਾਂ ਕਿਵੇਂ ਕੰਮ ਕਰਦੀਆਂ ਹਨ, ਤਾਂ ਤੁਸੀਂ ਇੱਕ ਵਿਅਕਤੀਗਤ ਉਮੀਦਵਾਰ ਜਾਣਕਾਰੀ ਸੈਸ਼ਨ (in-person candidate information session) ਵਿੱਚ ਸ਼ਾਮਲ ਹੋ ਸਕਦੇ ਹੋ। ਇਹ ਸੈਸ਼ਨ, ਮਿਉਂਸਿਪਲ ਮਾਮਲੇ ਅਤੇ ਹਾਊਸਿੰਗ ਮੰਤਰਾਲੇ (Ministry of Municipal Affairs and Housing) ਅਤੇ Mississauga ਸ਼ਹਿਰ ਦੁਆਰਾ ਆਯੋਜਿਤ ਕੀਤਾ ਜਾਂਦਾ ਹੈ।

ਮੰਗਲਵਾਰ, 24 ਮਾਰਚ, 2026
ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ
Mississauga City Hall – Council Chambers, 2nd Floor
300 City Centre Drive
ਕੋਈ ਰਜਿਸਟ੍ਰੇਸ਼ਨ ਲੋੜੀਂਦੀ ਨਹੀਂ ਹੈ।

ਮਾਰਚ, ਅਪ੍ਰੈਲ ਅਤੇ ਮਈ 2026 ਦੇ ਦੌਰਾਨ, ਓਨਟੈਰੀਓ ਦੀਆਂ ਮਿਉਂਸਿਪਲਟੀਜ ਦੀ ਐਸੋਸੀਏਸ਼ਨ (Association of Municipalities of Ontario) ਦੁਆਰਾ, ਹੋਰ ਮੁਫ਼ਤ ਵਰਕਸ਼ਾਪਾਂ (free workshops) ਵੀ ਪੇਸ਼ ਕੀਤੀਆਂ ਜਾ ਰਹੀਆਂ ਹਨ।

---

## ਵੋਟਰ ਜਾਣਕਾਰੀ

### ਕੌਣ ਵੋਟ ਪਾ ਸਕਦਾ ਹੈ?

ਮਿਉਂਸਿਪਲ ਚੋਣ ਐਕਟ, 1996 (Municipal Elections Act, 1996), ਮਿਉਂਸਿਪਲ ਚੋਣਾਂ ਲਈ ਨਿਯਮ ਤੈਅ ਕਰਦਾ ਹੈ। ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੌਣ ਵੋਟ ਪਾ ਸਕਦਾ ਹੈ।

ਤੁਸੀਂ Mississauga ਦੀਆਂ 2026 ਦੀਆਂ ਮਿਉਂਸਿਪਲ ਚੋਣਾਂ ਵਿੱਚ ਵੋਟ ਪਾ ਸਕਦੇ ਹੋ, ਜੇਕਰ ਤੁਸੀਂ ਇਹ ਹੋ:

- ਕੈਨੇਡਾ ਦਾ ਨਾਗਰਿਕ
- ਘੱਟੋ-ਘੱਟ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ
- Mississauga ਸ਼ਹਿਰ ਦਾ ਨਿਵਾਸੀ, ਜਾਂ ਗੈਰ-ਨਿਵਾਸੀ ਅਤੇ ਤੁਹਾਡੇ ਕੋਲ ਜਾਂ ਤੁਹਾਡੇ ਜੀਵਨਸਾਥੀ ਕੋਲ Mississauga ਵਿੱਚ ਪ੍ਰਾਪਰਟੀ ਦੀ ਮਲਕੀਅਤ ਹੈ ਜਾਂ ਇਸਨੂੰ ਕਿਰਾਏ 'ਤੇ ਲਿਆ ਹੋਇਆ ਹੈ
- ਮਿਉਂਸਿਪਲ ਚੋਣ ਐਕਟ, 1996 ਜਾਂ ਕਿਸੇ ਹੋਰ ਲਾਗੂ ਕਾਨੂੰਨ ਹੇਠ ਵੋਟ ਪਾਉਣ 'ਤੇ ਪਾਬੰਦੀ ਨਹੀਂ ਲਗਾਈ ਹੋਈ ਹੈ।

City of Mississauga
300 City Centre Drive
Mississauga, ON L5B 3C1

# News Release

mississauga.ca facebook.com/citymississauga x.com/citymississauga

## ਵੋਟਰਸ ਸੂਚੀ ਦੀ ਜਾਂਚ ਕਰੋ

ਵੋਟ ਪਾਉਣ ਤੋਂ ਪਹਿਲਾਂ ਯਕੀਨੀ ਬਣਾਓ ਕਿ ਤੁਹਾਡੀ ਜਾਣਕਾਰੀ ਅੱਪ-ਟੂ-ਡੇਟ ਹੈ। ਤੁਸੀਂ ਹੁਣ ਔਨਲਾਈਨ ਮਿਊਨਿਸਿਪਲ ਅਤੇ ਸੂਬਾਈ, ਦੋਵਾਂ ਚੋਣਾਂ ਲਈ ਆਪਣੀ ਜਾਣਕਾਰੀ ਦੀ ਜਾਂਚ, ਉਸਨੂੰ ਅੱਪਡੇਟ, ਜਾਂ ਸ਼ਾਮਲ ਕਰ ਸਕਦੇ ਹੋ।
ਸ਼ੁਰੂ ਕਰਨ ਲਈ, ਇਲੈਕਸ਼ਨਜ਼ ਓਨਟੈਰੀਓ ਦੀ ਵੋਟਰ ਰਜਿਸਟ੍ਰੇਸ਼ਨ (Elections Ontario's Voter Registration) ਸੇਵਾ ਦੀ ਵਰਤੋਂ ਕਰੋ।

## ਚੋਣਾਂ ਦੀਆਂ ਮਹੱਤਵਪੂਰਣ ਤਾਰੀਖਾਂ

- 24 ਮਾਰਚ, 2026 (ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ) – ਸਿਟੀ ਹਾਲ (City Hall) ਵਿਖੇ ਉਮੀਦਵਾਰਾਂ ਲਈ ਜਾਣਕਾਰੀ ਸੈਸ਼ਨ
- 1 ਮਈ, 2026 (ਸਵੇਰੇ 8:30 ਵਜੇ) - ਮੇਅਰ, ਸਿਟੀ/ਰੀਜਨਲ ਕੌਂਸਲਰ ਅਤੇ ਸਕੂਲ ਬੋਰਡ ਟਰੱਸਟੀ ਲਈ ਉਮੀਦਵਾਰਾਂ ਦੀ ਨਾਮਜ਼ਦਗੀ ਸ਼ੁਰੂ ਹੋਵੇਗੀ
- 21 ਅਗਸਤ, 2026 (ਦੁਪਹਿਰ ਬਾਅਦ 2 ਵਜੇ) – ਉਮੀਦਵਾਰਾਂ ਦੀ ਨਾਮਜ਼ਦਗੀ ਬੰਦ ਹੋਵੇਗੀ
- ਅਕਤੂਬਰ 2026 – ਐਡਵਾਂਸ ਵੋਟਿੰਗ ਦਿਨ ਹੁੰਦੇ ਹਨ
- 26 ਅਕਤੂਬਰ, 2026 – ਚੋਣਾਂ ਦੀ ਵੋਟਿੰਗ ਦਾ ਦਿਨ

Mississauga ਦੀਆਂ ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/elections 'ਤੇ ਜਾਓ।

---

## ਪਿਛੋਕੜ:

Mississauga ਦੀਆਂ ਪਿਛਲੀਆਂ ਮਿਊਨਿਸਿਪਲ ਚੋਣਾਂ, 24 ਅਕਤੂਬਰ, 2022 ਨੂੰ ਹੋਈਆਂ ਸਨ। ਮੇਅਰ ਅਤੇ ਵਾਰਡ 5 ਕੌਂਸਲਰ ਲਈ ਉਪ-ਚੋਣਾਂ 10 ਜੂਨ, 2024 ਨੂੰ ਹੋਈਆਂ ਸਨ।

ਓਨਟੈਰੀਓ ਵਿੱਚ, ਮਿਊਨਿਸਿਪਲ ਚੋਣਾਂ ਹਰ ਚਾਰ ਸਾਲਾਂ ਬਾਅਦ ਹੁੰਦੀਆਂ ਹਨ। ਵੋਟਰ, ਇੱਕ ਮੇਅਰ, ਸ਼ਹਿਰੀ/ਖੇਤਰੀ ਕੌਂਸਲਰਾਂ ਅਤੇ ਸਕੂਲ ਬੋਰਡ ਦੇ ਟਰੱਸਟੀਆਂ ਦੀ ਚੋਣ ਕਰਦੇ ਹਨ। ਜੇਕਰ ਕੋਈ ਅਗਲੀਆਂ ਚੋਣਾਂ ਤੋਂ ਪਹਿਲਾਂ ਆਪਣਾ ਅਹੁਦਾ ਛੱਡ ਦਿੰਦਾ ਹੈ, ਤਾਂ ਉਪ-ਚੋਣਾਂ ਕਰਵਾਈਆਂ ਜਾਂਦੀਆਂ ਹਨ।

ਮਿਊਨਿਸਿਪਲ ਚੋਣ ਐਕਟ, 1996, ਓਨਟੈਰੀਓ ਵਿੱਚ ਸਾਰੀਆਂ ਮਿਊਨਿਸਿਪਲ ਅਤੇ ਸਕੂਲ ਬੋਰਡ ਦੀਆਂ ਚੋਣਾਂ ਸੰਚਾਲਿਤ ਕਰਨ ਦੇ ਨਿਯਮਾਂ ਨੂੰ ਨਿਰਧਾਰਤ ਕਰਦਾ ਹੈ। Mississauga ਵਿੱਚ, ਸਿਟੀ ਕਲਰਕ (City Clerk), ਮਿਊਨਿਸਿਪਲ ਚੋਣ ਐਕਟ ਦੇ ਅਨੁਸਾਰ ਮਿਊਨਿਸਿਪਲ ਚੋਣਾਂ ਸੰਚਾਲਿਤ ਕਰਨ ਲਈ ਜ਼ਿੰਮੇਵਾਰ ਹੈ।

-30-

**ਮੀਡੀਆ ਸੰਪਰਕ:**

Mississauga ਸ਼ਹਿਰ ਮੀਡੀਆ ਰਿਲੇਸ਼ਨਸ

media@mississauga.ca

905-615-3200, ਐਕਸਟੈਂਸ਼ਨ 5232

TTY: 905-896-5151